# India-China meeting of Army Commanders on June 06, 2020

07 June, 2020

..........................................................................................................................................

## ਪ੍ਰੈਸ ਬਿਆਨ: 6 ਜੂਨ, 2020 ਨੂੰ ਹੋਈ ਭਾਰਤ-ਚੀਨ ਦੇ ਫੌਜੀ ਕਮਾਂਡਰਾਂ ਦੀ ਬੈਠਕ

7 ਜੂਨ, 2020

ਭਾਰਤ ਅਤੇ ਚੀਨ ਨੇ ਹਾਲੀਆ ਹਫਤਿਆਂ ਵਿਚ ਭਾਰਤ-ਚੀਨ ਸਰਹੱਦ ਦੇ ਨਾਲ ਲੱਗਦੇ ਖੇਤਰਾਂ ਅੰਦਰ ਹਾਲਤ ਨਾਲ ਨਜਿੱਠਣ ਲਈ ਸਥਾਪਿਤ ਕੂਟਨੀਤਕ ਅਤੇ ਫੌਜੀ ਚੈਨਲਾਂ ਰਾਹੀਂ ਸੰਵਾਦ ਕਾਇਮ ਰੱਖਿਆ ਹੈ।

6 ਜੂਨ, 2020 ਨੂੰ ਲੇਹ ਵਿਖੇ ਸਥਿਤ ਕੋਰ ਕਮਾਂਡਰ ਅਤੇ ਚੁਸ਼ੂਲ-ਮਾਲਡੋ ਖੇਤਰ ਵਿਚ ਚੀਨੀ ਕਮਾਂਡਰ ਦਰਮਿਆਨ ਇੱਕ ਬੈਠਕ ਹੋਈ। ਇਹ ਬੈਠਕ ਸੁਹਿਰਦ ਅਤੇ ਸਕਾਰਾਤਮਕ ਮਾਹੌਲ ਵਿੱਚ ਹੋਈ। ਦੋਨਾਂ ਪੱਖਾਂ ਨੇ ਵੱਖ-ਵੱਖ ਦੁਵੱਲੇ ਸਮਝੌਤਿਆਂ ਅਤੇ ਦੋਨਾਂ ਦੇਸ਼ਾਂ ਦੇ ਆਗੂਆਂ ਦਰਮਿਆਨ ਹੋਏ ਇਸ ਸਮਝੌਤੇ, ਕਿ ਦੁਵੱਲੇ ਸਬੰਧਾਂ ਦੇ ਸਰਬਪੱਖੀ ਵਿਕਾਸ ਲਈ ਭਾਰਤ-ਚੀਨ ਸਰਹੱਦੀ ਖੇਤਰਾਂ ਵਿਚ ਅਮਨ ਅਤੇ ਸ਼ਾਂਤੀ ਲਾਜ਼ਮੀ ਹੈ, ਅਨੁਸਾਰ ਸਰਹੱਦੀ ਖੇਤਰਾਂ ਦੇ ਹਾਲਤ ਨਾਲ ਸ਼ਾਂਤੀਪੂਰਵਕ ਢੰਗ ਨਾਲ ਨਜਿੱਠਣ ਪ੍ਰਤੀ ਸਹਿਮਤੀ ਪ੍ਰਗਟਾਈ ।

ਦੋਨਾਂ ਧਿਰਾਂ ਨੇ ਇਹ ਵੀ ਕਿਹਾ ਕਿ ਇਸ ਸਾਲ ਦੋਵਾਂ ਦੇਸ਼ਾਂ ਦਰਮਿਆਨ ਕੂਟਨੀਤਕ ਸੰਬੰਧ ਸਥਾਪਤ ਹੋਣ ਦੀ 70ਵੀਂ ਵਰੇਗੰਢ ਹੈ ਅਤੇ ਦੋਵੇਂ ਇਸ ਗੱਲ 'ਤੇ ਸਹਿਮਤ ਹੋਏ ਕਿ ਮਸਲੇ ਦਾ ਹਲ ਛੇਤੀ  ਹੋਣ ਨਾਲ ਇਹ ਰਿਸ਼ਤੇ ਹੋਰ ਅੱਗੇ ਵਧਣਗੇ।

ਇਸ ਕਈ ਹਾਲਤ ਨਾਲ ਨਜਿੱਠਣ ਲਈ ਅਤੇ ਸਰਹੱਦੀ ਖੇਤਰਾਂ ਵਿਚ ਅਮਨ ਅਤੇ ਸ਼ਾਂਤੀ ਯਕੀਨੀ ਬਣਾਉਣ ਲਈ ਦੋਨੋਂ ਧਿਰ ਫੌਜੀ ਅਤੇ ਕੂਟਨੀਤਕ ਜੁੜਾਅ ਜਾਰੀ ਰੱਖਣਗੇ।

ਨਵੀਂ ਦਿੱਲੀ
7 ਜੂਨ, 2020

DISCLAIMER: This is an approximate translation. The original is available in English on MEA's website and may be referred to as the official press release.